بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.11.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 19 ਨਵੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ ۬ۙ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਸਹਾਬਾ ਰਜ਼ੀ ਅਲੱਾਹੁ ਅਨਹੁ ਦੀ ਪਹਿਲੀ ਅਵਸਥਾ ਅਤੇ ਇਸਲਾਮ ਕੁਬੂਲ ਕਰਨ ਦੇ ਬਾਦ ਪੈਦਾ ਹੋਣ ਵਾਲੇ ਇਨਕਲਾਬ ਨੂੰ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਇਸਲਾਮ ਕੁਬੂਲ ਕਰਨ ਦੀ ਘਟਨਾ ਨੂੰ ਉਧਾਰਣ ਦੇ ਰੂਪ ਵਿੱਚ ਵਰਨਣ ਕੀਤਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਆਪਣੀ ਭੈਣ ਅਤੇ ਜਵਾਈ ਕੋਲੋਂ ਕੁਰਆਨ ਸੁਣਿਆਂ ਤਾਂ ਰੋ ਪਏ ਅਤੇ ਨੱਠੇ ਨੱਠੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਕੋਲ ਗਏ ਅਤੇ ਬਿਨਤੀ ਕੀਤੀ ਕਿ ਘਰੋਂ ਤਾਂ ਆਪ ਨੂੰ ਮਾਰਨ ਲਈ ਨਿਕਲਿਆ ਸੀ ਪਰ ਆਪ ਸ਼ਿਕਾਰ ਹੋ ਗਿਆ ਹਾਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਇਹੋ ਸਹਾਬਾ ਸਨ ਜੋ ਪਹਿਲਾਂ ਸ਼ਰਾਬਾਂ ਪੀਆ ਕਰਦੇ, ਆਪੋ ਵਿੱਚ ਲੜਿਆ ਕਰਦੇ ਪਰ ਜੱਦ ਇਹਨਾ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਕੁਬੂਲ ਕੀਤਾ ਅਤੇ ਧਰਮ ਲਈ ਹੌਂਸਲੇ ਤੇ ਜਤਨ ਨਾਲ ਕੰਮ ਲਿਆ ਤਾਂ ਨ ਕੇਵਲ ਆਪ ਆਲਾ ਤੇ ਉਤੱਮ ਦਰਜੇ'ਤੇ ਪਹੁੰਚ ਗਏ ਸਗੋਂ ਦੂਜਿਆਂ ਨੂੰ ਵੀ ਉਤੱਮ ਦਰਜੇ'ਤੇ ਪਹੁੰਚਾਉਣ ਦਾ ਸਬਬ ਬਣੇ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਇਲਾਹੀ ਰੁਹਬ ਦੀ ਇਹ ਹਾਲਤ ਸੀ ਕਿ ਫ਼ਰਮਾਉਂਦੇ, ਜੇਕਰ ਫ਼ਰਾਤ ਦਰਿਆ ਕੰਢੇ ਕੋਈ ਬਕਰੀ ਵੀ ਮਰ ਗਈ ਤਾਂ ਮੈਂਨੂੰ ਡਰ ਹੈ ਕਿ ਰੱਬ ਪਰਲੈ ਦੇ ਦਿਨ ਮੈਂਨੂੰ ਪ੍ਰਸ਼ਨ ਕਰੇਗਾ । ਹਜ਼ਰਤ ਅਨਸ ਰਜ਼ੀ ਅਲੱਾਹੁ ਅਨਹੁ ਕਹਿੰਦੇ ਹਨ ਕਿ ਮੈਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਕਿ ਇਬਨੇ ਖ਼ਤਾਬ ! ਤੂੰ ਜ਼ਰੂਰ ਰੱਬ ਤੋਂ ਡਰ ਨਹੀਂ ਤਾਂ ਉਹ ਜ਼ਰੂਰ ਤੈਨੂੰ ਅਜ਼ਾਬ (ਕਸ਼ਟ) ਦੇਵੇਗਾ । ਆਪ ਰਜ਼ੀ ਅਲੱਾਹੁ ਅਨਹੁ ਦੀ ਅੰਗੂਠੀ (ਮੁੰਦਰੀ) ਉਪੱਰ ਇਹ ਸ਼ਬਦ ਉਕਰੇ ਹੋਏ ਸਨ ਕਿ ਉਪਦੇਸ਼ਕ ਦੇ ਪੱਖੋਂ ਮੌਤ ਬਹੁਤ ਹੈ । ਅਬਦੁਲੱਾਹ ਬਿਨ ਸਹਿਜ਼ਾਦ ਕਹਿੰਦੇ ਹਨ ਕਿ ਮੈਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਹਿਟਕੀਆਂ ਸੁਣੀਆਂ ਅਤੇ ਮੈਂ ਅੰਤਮ ਪੰਕਤੀ ਵਿੱਚ ਸੀ ਆਪ ਰਜ਼ੀ ਅਲੱਾਹੁ ਅਨਹੁ ਇਹ ਤਲਾਵਤ ਕਰ ਰਹੇ ਸਨ ( إِنَّمَا أَشْكُو بَثِّي وَحُزْنِي إِلَى اللّٰهِ) ਇਨੱਮਾ ਅਸ਼ਕੂ ਬੱਸੀ ਵ ਹੁਜ਼ਨੀ ਇਲਲੱਾਹਿ' ਅਰਥਾਤ ਮੈਂ ਆਪਣੇ ਦੁੱਖ ਦਰਦ ਕੇਵਲ ਰੱਬ ਦੀ ਹਜ਼ੂਰੀ ਵਿੱਚ ਬਿਨਤੀ ਕਰਦਾ ਹਾਂ । ਇਸ ਰਿਵਾਇਤ ਨੂੰ ਵਰਨਣ ਕਰਕੇ ਹਜ਼ਰਤ ਖ਼ਲੀਫ਼ਾਤੁਲ ਮਸੀਹ

ਰਾਬੇ ਰਹਿਮਾਹੁਲੱਾਹ ਫ਼ਰਮਾਉਂਦੇ ਹਨ ਕਿ ਜੋ ਇਲਾਹੀ ਜ਼ਿਕਰ ਵਿੱਚ ਗੁੰਮ ਰਹਿੰਦੇ ਹਨ ਉਹਨਾ ਨੂੰ ਰੱਬ ਤੋਂ ਬਿਨਾ ਕਿਸੇ ਹੋਰ ਦਾ ਦਰਬਾਰ ਮਿਲਦਾ ਹੀ ਨਹੀਂ, ਜਿੱਥੇ ਉਹ ਆਪਣੇ ਗ਼ਮ ਤੇ ਦੁੱਖ ਦਰਦ ਰੋਣ ਅਤੇ ਆਪਣੀਆਂ ਹਿੱਕਾਂ ਦੇ ਭਾਰ ਹੌਲ੍ਹੇ ਕਰਨ ।

ਪੁਰਾਣੇ ਸੇਵਾ ਕਰਨ ਵਾਲਿਆਂ ਅਤੇ ਕੁਰਬਾਨੀ ਕਰਨ ਵਾਲਿਆਂ ਦਾ ਆਪ ਐਨ੍ਹਾ ਧਿਆਨ ਰਖੱਦੇ ਕਿ ਇਕ ਵਾਰ ਕੁਝ ਬਹੁਮੁੱਲ ਓੜ੍ਹਨੀਆਂ ਆਈਆਂ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਉਹ ਵੰਡੀਆਂ ਅਤੇ ਹਜ਼ਰਤ ਉੱਮੇ ਸਲੈਤ ਨੂੰ ਇਹ ਕਹਿੰਦਿਆਂ ਹੋਇਆਂ ਇਸ ਦਾ ਹੱਕਦਾਰ ਠਹਿਰਾਇਆ ਕਿ ਉਹਦ ਦੇ ਦਿਨ ਉਮੇ ਸਲੈਤ ਸਾਡੇ ਲਈ ਮਸ਼ਕਾਂ ਚੁੱਕ ਚੁੱਕ ਕੇ ਲਿਆਉਂਦੀ ਸਨ । ਇਕ ਇਸਤਰੀ ਨੇ ਆਪਣੇ ਪਤੀ ਦੇ ਦੇਹਾਂਤ ਦੇ ਬਾਦ ਔਕੁੜਾਂ ਦਾ ਵਰਨਣ ਕੀਤਾ ਅਤੇ ਦੱਸਿਆ ਕਿ ਉਹ ਖ਼ਫ਼ਾਫ਼ ਬਿਨ ਏਮਾ ਗ਼ਫ਼ਾਰੀ ਦੀ ਬੇਟੀ ਹੈ ਜੋ ਹੁਦੈਬੀਆ ਦੀ ਸੰਧੀ ਸਮੇਂ ਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਹਾਜ਼ਰ ਸਨ । ਇਹ ਸੁਣਕੇ ਆਪ ਰਜ਼ੀ ਅਲੱਾਹੁ ਅਨਹੁ ਠਹਿਰ ਗਏ ਅਤੇ ਫ਼ਰਮਾਇਆ ਕਿ ਵਾਹ ਵਾਹ ! ਬਹੁਤ ਨੇੜੇ ਦਾ ਸੰਬੰਧ ਹੈ ਫਿਰ ਇਕ ਤਕੜੇ ਊਠ'ਤੇ ਅਨਾਜ ਦੀਆਂ ਬੋਰੀਆਂ ਲੱਦੀਆਂ, ਸਾਲ ਭਰ ਲਈ ਮਾਲ ਤੇ ਕਪੜੇ ਰੱਖੇ ਅਤੇ ਊਠ ਦੀ ਨਕੇਲ ਇਸ ਇਸਤਰੀ ਦੇ ਹੱਥ ਵਿੱਚ ਦਿੱਤੀ ਅਤੇ ਫ਼ਰਮਾਇਆ ਇਹ ਖ਼ਤਮ ਨਹੀਂ ਹੋਵੇਗਾ ਰੱਬ ਤੁਹਾਨੂੰ ਹੋਰ ਦੇਵੇਗਾ ।

ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਰਾਤ ਗਈ ਭਿੰਨ ਭਿੰਨ ਘਰਾਂ ਵਿੱਚੋਂ ਲੰਘੇ, ਜਿੱਥੇ ਹਜ਼ਰਤ ਤਲਹਾ ਨੇ ਆਪਨੂੰ ਦੇਖ ਲਿਆ । ਅਗਲੇ ਸਵੇਰ ਹਜ਼ਰਤ ਤਲਹਾ ਇਹਨਾ ਘਰਾਂ ਵਿੱਚੋਂ ਇਕ ਘਰ ਵਿੱਚ ਗਏ । ਉੱਥੇ ਇਕ ਬੁੱਢੀ ਨਾਬੀਨਾ ਇਸਤਰੀ ਸੀ ਜਿਸਨੇ ਹਜ਼ਰਤ ਤਲਹਾ ਦੇ ਪੁਛੱਣ'ਤੇ ਦੱਸਿਆ ਕਿ ਰਾਤ ਜੋ ਵਿਅਕਤੀ ਮੇਰੇ ਘਰ ਆਇਆ ਉਹ ਲੰਮੇ ਸਮੇਂ ਤੋਂ ਮੇਰੀ ਸੇਵਾ ਕਰ ਰਿਹਾ ਹੈ ਅਤੇ ਮੇਰੇ ਕੰਮ ਕਾਜ ਨੂੰ ਠੀਕ ਕਰਦਾ ਹੈ ਅਤੇ ਮੇਰੀ ਗੰਦਗੀ ਦੂਰ ਕਰਦਾ ਹੈ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸ਼ਾਮ ਤੋਂ ਵਾਪਸੀ ਵਿੱਚ ਜੱਥੇ ਤੋਂ ਅੱਡ ਹੋਕੇ ਲੋਕਾਂ ਦੇ ਹਾਲਾਤ ਪਤਾ ਕਰਨ ਲਈ ਨਿਕਲੇ । ਦੂਰ ਦੁਰਾਡੇ ਇਕ ਤੰਬੂ ਵਿੱਚ ਇਕ ਬੁੱਢੀ ਇਸਤਰੀ ਤੋਂ ਉਸਦਾ ਹਾਲ ਪੁੱਛਿਆ ਤਾਂ ਉਸਨੇ ਕਿਹਾ ਕਿ ਖ਼ੁਦਾ ਉਮਰ ਨੂੰ ਮੇਰੀ ਵੱਲੋਂ ਪ੍ਰਤੀਫਲ ਪ੍ਰਦਾਨ ਕਰੇ ਜੱਦ ਤੋਂ ਉਹ ਖ਼ਲੀਫ਼ਾ ਬਣੇ ਹਨ ਮੈਨੂੰ ਉਹਨਾਂ ਵੱਲੋਂ ਕੋਈ ਦਾਨ ਨਹੀਂ ਮਿਲਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਉਮਰ ਨੂੰ ਤੇਰੇ ਹਾਲਾਤ ਦੀ ਕਿਵੇਂ ਖ਼ਬਰ ਹੋਵੇਗੀ । ਇਸ ਇਸਤਰੀ ਨੇ ਕਿਹਾ ਸੁਬਹਾਨਲੱਾਹ ! ਮੈਂ ਗੁਮਾਨ ਨਹੀਂ ਕਰਦੀ ਕਿ ਕੋਈ ਵਿਅਕਤੀ ਲੋਕਾਂ'ਤੇ ਵਾਲੀ ਬਣ ਜਾਏ ਅਤੇ ਉਸਨੂੰ ਇਹ ਖ਼ਬਰ ਨ ਹੋਵੇ ਕਿ ਉਸ ਦੇ ਪੂਰਬ ਤੇ ਪਛੱਮ ਵਿੱਚ ਕੀ ਹੈ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਹ ਸੁਣਕੇ ਰੋ ਪਏ ਅਤੇ ਫ਼ਰਮਾਉਂਣ ਲੱਗੇ ਕਿ ਹਾਏ ਹਾਏ ਉਮਰ ! ਕਿੰਨ੍ਹੇ ਦਾਵੇਦਾਰ ਹੋਣਗੇ ਹਰ ਇਕ ਤੈਥੋਂ ਵੱਧ ਧਰਮ ਦੀ ਸਮਝ ਰਖੱਣ ਵਾਲਾ ਹੈ । ਫਿਰ ਆਪ ਰਜ਼ੀ ਅਲੱਾਹੁ ਅਨਹੁ ਨੇ ਉਸ ਇਸਤਰੀ ਨੂੰ ਕਿਹਾ ਕਿ ਤੂੰ ਆਪਣੀ ਮਜ਼ਲੂਮੀਅਤ ਦੇ ਹੱਕ ਨੂੰ ਕਿੰਨ੍ਹੇ ਵਿੱਚ ਵੇਚਦੀ ਹੈਂ ਕਿ ਮੈਂ ਉਮਰ ਨੂੰ ਨਰਕ ਤੋਂ ਬਚਾਉਣਾ ਚਾਹੁੰਦਾ ਹਾਂ । ਇਸ ਇਸਤਰੀ ਨੇ ਪਹਿਲਾਂ ਤਾਂ ਇਸਨੂੰ ਮਖ਼ੌਲ ਜਾਣਿਆ ਫਿਰ ਪੰਝੀ ਦੀਨਾਰ ਸਵੀਕਾਰ ਕਰ ਲਏ । ਇਸੇ ਸਮੇਂ ਵਿੱਚਕਾਰ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਬਦੁਲੱਾਹ ਬਿਨ ਮਸਊਦ ਰਜ਼ੀ ਅਲੱਾਹੁ ਅਨਹੁ ਉੱਥੇ ਦਾਖ਼ਲ ਹੋਏ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਅਮੀਰੁਲ ਮੋਮਿਨੀਨ ਕਹਿਕੇ ਸੰਬੋਧਤ ਕੀਤਾ । ਇਹ ਸੁਣਕੇ ਉਹ ਇਸਤਰੀ ਡਰ ਗਈ, ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਤੇਰੇ'ਤੇ ਕੋਈ ਜੁਰਮ ਨਹੀਂ । ਇਸ ਦੇ ਬਾਦ ਆਪ ਰਜ਼ੀ ਅਲੱਾਹੁ ਅਨਹੁ ਨੇ ਇਕ ਲਿਖੱਤ ਲਿੱਖੀ ਕਿ ਅੱਜ ਉਮਰ ਨੇ ਫਲਾਣੀ ਇਸਤਰੀ ਤੋਂ ਉਸਦੀ ਮਜ਼ਲੂਮੀਅਤ ਦਾ ਹੱਕ ਪੰਝੀ ਦੀਨਾਰ ਵਿੱਚ ਖ਼ਰੀਦਿਆ ਹੈ, ਹੁਣ ਉਹ ਮਹਸ਼ਰ (ਪਰਲੈ) ਦੇ ਦਿਨ ਰੱਬ ਸਾਹਮਣੇ ਦਾਵਾ ਕਰੇ ਤਾਂ ਉਮਰ ਇਸ ਤੋਂ ਬਰੀ ਹੈ । ਅਲੀ ਅਤੇ ਅਬਦੁਲੱਾਹ ਇਸ'ਤੇ ਗਵਾਹ ਹਨ । ਆਪ ਰਜ਼ੀ ਅਲੱਾਹੁ ਅਨਹੁ ਨੇ ਉਹ ਲਿਖੱਤ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਨੂੰ ਦਿੱਤੀ ਅਤੇ ਫ਼ਰਮਾਇਆ ਕਿ ਜੇਕਰ ਮੈਂ ਤੁਹਾਥੋਂ ਪਹਿਲਾਂ ਲੰਘ ਜਾਵਾਂ ਤਾਂ ਇਹ ਲਿਖੱਤ ਮੇਰੇ ਕਫ਼ਨ ਵਿੱਚ ਰੱਖ ਦੇਣਾ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਲੜਕੀ ਨਾਲ ਆਪਣੇ ਪੁਤੱਰ ਆਸਮ ਦਾ ਸਾਕ ਕੇਵਲ ਉਸਦੀ ਸਚੱਾਈ ਨੂੰ ਦੇਖਕੇ ਕਰ ਦਿਤੱਾ ਸੀ । ਇਸ ਵਿਅਕਤੀ ਨੂੰ ਬਜ਼ਾਰ ਵਿੱਚ ਮਾਰਗ ਵਿੱਚੋਂ ਹਟਾਉਣ ਲਈ ਆਪਣੇ ਕੋਰੜੇ ਦੇ ਸੰਕੇਤ ਜਿਹਾ ਕੀਤਾ, ਉਹ ਕੋਰੜਾ ਹੌਲੀ ਜਿਹੀ ਉਸਦੇ ਵਸਤਰਾਂ ਨਾਲ ਲੱਗ ਗਿਆ । ਇਕ ਸਾਲ ਬਾਦ ਉਸ ਵਿਅਕਤੀ ਨੂੰ ਛੇ ਸੌ ਦਿਰਹਮ ਦਿੱਤੇ ਅਤੇ ਫ਼ਰਮਾਇਆ ਕਿ ਇਹ ਉਸ ਦਾ ਬਦਲਾ ਹੈ । ਆਪ ਰਜ਼ੀ ਅਲੱਾਹੁ ਅਨਹੁ ਇਹ ਵੀ ਦੇਖਿਆ ਕਰਦੇ ਸਨ ਕਿ ਬਜ਼ਾਰ ਵਿੱਚ ਵਸਤਾਂ

ਦੇ ਮੁੱਲ ਅਜਿਹੇ ਹੋਣ ਜਿੰਨ੍ਹਾ ਤੋਂ ਕਿਸੇ ਵੀ ਪਾਰਟੀ ਦੇ ਸ਼ਹਿਰੀ ਹੱਕ ਪ੍ਰਭਾਵਤ ਨ ਹੋਣ । ਇਕ ਵਿਅਕਤੀ ਨੇ ਆਪਣੀ ਬੇਟੀ ਬਾਰੇ ਦੱਸਿਆ ਕਿ ਉਸ ਤੋਂ ਪਿਛਲੇ ਜੀਵਨ ਕਾਲ ਵਿੱਚ ਗ਼ਲਤੀ ਹੋਈ ਸੀ ਅਤੇ ਰੱਬ ਦੀਆਂ ਸੀਮਾਵਾਂ ਵਿੱਚ ਇਕ ਸੀਮਾ ਉਸ'ਤੇ ਲੱਗ ਗਈ ਸੀ । ਉਸਨੇ ਆਤਮ ਹੱਤਿਆ ਦਾ ਵੀ ਜਤਨ ਕੀਤਾ ਸੀ, ਪਰ ਉਹ ਹੁਣ ਤੌਬਾ ਕਰ ਚੁੱਕੀ ਹੈ । ਕੀ ਉਸ ਦੇ ਵਿਆਹ ਲਈ ਸੰਦੇਸ਼ ਲਿਆਉਣ ਵਾਲਿਆਂ ਨੂੰ ਇਹ ਸਭ ਕੁਝ ਦੱਸਿਆ ਜਾਏ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਰੱਬ ਨੇ ਉਸ ਦਾ ਪਰਦਾ ਰੱਖਿਆ ਅਤੇ ਤੂੰ ਉਸਨੂੰ ਪ੍ਰਕਟ ਕਰਨਾ ਚਾਹੁੰਦਾ ਹੈਂ । ਰੱਬ ਦੀ ਸਹੁੰ ! ਜੇਕਰ ਤੂੰ ਅਜਿਹਾ ਕੀਤਾ ਤਾਂ ਮੈਂ ਤੈਨੂੰ ਪੂਰੇ ਸ਼ਹਿਰ ਵਾਸੀਆਂ ਸਾਹਮਣੇ ਸਬਕ ਲੈਂਣ ਦਾ ਨਿਸ਼ਾਨ ਬਣਾਵਾਂਗਾ ।

ਸਤਾਰ੍ਹਾਂ ਹਿਜਰੀ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਮਦੀਨੇ ਤੋਂ ਸ਼ਾਮ ਲਈ ਰਵਾਨਾ ਹੋਏ ਅਤੇ ਸਰਗ਼ ਸਥਾਨ'ਤੇ ਪਹੁੰਚੇ, ਉੱਥੇ ਆਪ ਨੂੰ ਪਤਾ ਲਗੱਾ ਕਿ ਰਮਲਾ ਤੇ ਬੈਤੁਲ ਮੁਕਦੱਸ ਦੇ ਮਾਰਗ ਵਿੱਚ ਛੇ ਮੀਲ ਦੀ ਦੂਰੀ'ਤੇ ਇਕ ਵਾਦੀ ਅਮਵਾਸ ਹੈ, ਜਿੱਥੇ ਤਾਊਨ (ਪਲੇਗ) ਫੁੱਟ ਚੁੱਕੀ ਹੈ । ਇਸ ਵਬਾ ਨੇ ਪੂਰੇ ਸ਼ਾਮ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਪੰਝੀ ਹਜ਼ਾਰ ਦੇ ਲਗਭਗ ਮੌਤਾਂ ਹੋਈਆਂ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਉਸ ਕਾਲ ਸਮੇਂ ਕਿਵੇਂ ਲੋਕਾਂ ਦੀ ਚਿੰਤਾ ਕਰਦੇ ਰਹੇ, ਇਸ ਦਾ ਵਰਨਣ ਸਹੀ ਬੁਖ਼ਾਰੀ ਦੀ ਰਿਵਾਇਤ ਵਿੱਚ ਮਿਲਦਾ ਹੈ । ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਰਜ਼ੀ ਅਲੱਾਹੁ ਅਨਹੁ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦਾ ਇਕ ਫ਼ਰਮਾਨ ਪੇਸ਼ ਕੀਤਾ ਕਿ ਜਿੱਥੇ ਵਬਾ ਫੁੱਟ ਪਏ ਓਥੇ ਨ ਜਾਓ ਅਤੇ ਜੇਕਰ ਉਸ ਥਾਂ ਹੋਵੋ ਤਾਂ ਉੱਥੋਂ ਫਰਾਰ ਹੁੰਦਿਆਂ ਹੋਇਆਂ ਨ ਨਿਕਲੋ । ਇਸ ਵਬਾ ਦੇ ਸਿੱਟੇ ਵਿੱਚ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਅਤੇ ਸ਼ਾਮ ਵਿੱਚ ਆਪ ਦੇ ਉਤਰਾਧਿਕਾਰੀ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹੁ ਅਨਹੁ ਫ਼ੌਤ ਹੋ ਗਏ । ਹਜ਼ਰਤ ਮਆਜ਼ ਨੇ ਆਪਣਾ ਕਾਰਜਵਾਹਕ ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੂੰ ਨਿਯੁਕਤ ਕੀਤਾ ਸੀ । ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹੁ ਅਨਹੁ ਨੇ ਲੋਕਾਂ ਨੂੰ ਫ਼ਰਮਇਆ ਕਿ ਪਹਾੜਾਂ ਵਿੱਚ ਲੁੱਕ ਕੇ ਆਪਣੀਆਂ ਜਾਨਾਂ ਬਚਾਓ । ਇਸ ਤਰੀਕੇ ਨਾਲ ਵਬਾ ਹੌਲ੍ਹੀ ਹੌਲ੍ਹੀ ਘੱਟ ਹੋਕੇ ਖ਼ਤਮ ਹੋ ਜਾਵੇਗੀ । ਜੱਦ ਇਹ ਸੂਚਨਾ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਮਿਲੀ ਤਾਂ ਆਪ ਨੇ ਇਸ ਨੂੰ ਬਹੁਤ ਪਸੰਦ ਕੀਤਾ ।

ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹੁ ਅਨਹੁ ਤੋਂ ਬਿਨਾ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹੁ ਅਨਹੁ, ਹਜ਼ਰਤ ਯਜ਼ੀਦ ਬਿਨ ਅਬੂ ਸੁਫ਼ਯਾਨ ਰਜ਼ੀ ਅਲੱਾਹੁ ਅਨਹੁ, ਹਜ਼ਰਤ ਹਾਰਸ ਬਿਨ ਹਸ਼ੱਾਮ ਰਜ਼ੀ ਅਲੱਾਹੁ ਅਨਹੁ, ਹਜ਼ਰਤ ਸੁਹੇਲ ਬਿਨ ਉਮਰੋ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਅਤਬਾ ਬਿਨ ਸੁਹੇਲ ਰਜ਼ੀ ਅਲੱਾਹੁ ਅਨਹੁ ਅਤੇ ਹੋਰ ਮਾਨਯੋਗ ਪਤਵੰਤੇ ਵੀ ਇਸ ਵਬਾ ਕਰਕੇ ਫ਼ੌਤ ਹੋਏ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀਆਂ ਦੁਆਵਾਂ ਦੀ ਪਰਵਾਨਗੀ ਦੀਆਂ ਘਟਨਾਵਾਂ ਵਿੱਚ ਵਰਨਣ ਮਿਲਦਾ ਹੈ ਕਿ ਇਕ ਵਾਰ ਸਖ਼ਤ ਕਹਿਰ ਪਿਆ ਤਾਂ ਆਪ ਰਜ਼ੀ ਅਲੱਾਹੁ ਅਨਹੁ ਨੇ ਨਮਾਜ਼ ਇਸਤਸਕਾਅ ਪੜ੍ਹਾਈ ਅਤੇ ਰੱਬ ਤੋਂ ਦੁਆ ਕੀਤੀ ਤਾਂ ਝੱਟ ਹੀ ਵਰਖਾ ਹੋ ਗਈ । ਇਸਲਾਮ ਤੋਂ ਪਹਿਲਾਂ ਮਿਸਰ ਦੇ ਲੋਕਾਂ ਵਿੱਚ ਰੀਤ ਸੀ ਕਿ ਜੱਦ ਨੀਲ ਦਰਿਆ ਸੁਕੱਾ ਹੁੰਦਾ ਤਾਂ ਇਕ ਕੁਆਰੀ ਲੜਕੀ ਨੂੰ ਸਜਾ ਸੁਆਰਕੇ ਦਰਿਆ ਵਿੱਚ ਪਾ ਦਿੰਦੇ । ਇਸਲਾਮ ਨੇ ਬਾਦ ਜੱਦ ਨੀਲ ਦਰਿਆ ਸੁੱਕਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਰੁਕੱਾ ਦੁਆ ਕਰਕੇ ਭਿਜਵਾਇਆ ਜਿਸ'ਤੇ ਦਰਜ ਸੀ ਕਿ ਹੇ ਨੀਲ ਦਰਿਆ ! ਜੇਕਰ ਤੈਨੂੰ ਰੱਬ ਚਲਾ ਰਿਹਾ ਹੈ ਤਾਂ ਮੈਂ ਦੁਆ ਕਰਦਾ ਹਾਂ ਕਿ ਉਹ ਤੈਨੂੰ ਚਲਾਏ । ਆਪ ਰਜ਼ੀ ਅਲੱਾਹੁ ਅਨਹੁ ਦੇ ਹੁਕੁਮ ਅਨੁਸਾਰ ਉਹ ਰੁਕੱਾ ਦਰਿਆ ਵਿੱਚ ਪਾਇਆ ਗਿਆ ਤਾਂ ਦਰਿਆ ਚੱਲ ਪਿਆ । ਹਜ਼ਰਤ ਸਾਰੀਆ ਇਸਲਾਮੀ ਲਸ਼ਕਰ ਨੇ ਨਾਲ ਮਸ਼ਕਲ ਵਿੱਚ ਗ਼ਿਫ਼ਤਾਰ ਹੋਏ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਮੂੰਹੋਂ ਮਦੀਨੇ ਵਿੱਚ ਇਹ ਸ਼ਬਦ ਜਾਰੀ ਹੋਏ ਕਿ 'ਯਾ ਸਾਰੀਆਤੁਲ ਜਬਲ' ਇਹ ਸ਼ਬਦ ਹਜ਼ਰਤ ਸਾਰੀਆ ਨੂੰ ਰਣਖੇਤਰ ਵਿੱਚ ਨੁਣਾਈ ਦਿੱਤੇ ਅਤੇ ਇਉਂ ਮੁਸਲਮਾਨ ਵੱਡੀ ਤਬਾਹੀ ਤੋਂ ਬੱਚ ਗਏ । ਇਕ ਵਾਰ ਕੈਸਰੇ ਰੂਮ (ਰੋਮ ਦੇ ਬਾਦਸ਼ਾਹ) ਨੂੰ ਸਖ਼ਤ ਸਿਰ ਦਰਦ ਹੋਈ ਜੋ ਹਜ਼ਾਰਾਂ ਇਲਾਕ ਕਰਨ ਨਾਲ ਵੀ ਠੀਕ ਨ ਹੋਈ । ਅਖ਼ੀਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਪੁਰਾਣੀ ਮੈਲੀ ਟੋਪੀ ਇਕ ਅਸੀਸ ਦੇ ਰੂਪ ਵਿੱਚ ਪਾਉਂਣ ਕਰਕੇ ਰੱਬ ਨੇ ਸ਼ਿਫ਼ਾ ਪ੍ਰਦਾਨ ਕੀਤੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੁਆ ਕਰਿਆ ਕਰਦੇ ਸਨ ਕਿ ਹੇ, ਅਲੱਾਹ ! ਮੈਂਨੂੰ ਨੇਕ ਲੋਕਾਂ ਨਾਲ ਮੌਤ ਦੇ, ਮੈਂਨੂੰ ਅੱਗ ਦੇ ਅਜ਼ਾਬ ਤੋਂ ਬਚਾ । ਹੇ, ਅਲੱਾਹ ! ਮੇਰੀ ਉਮਰ (ਆਯੂ) ਬਹੁਤ ਤੇ ਸ਼ਕਤੀ ਘੱਟ ਹੋ ਗਈ ਹੈ ਅਤੇ ਮੇਰੀ ਰਿਆਇਆ ਬਹੁਤ ਫੈਲ ਗਈ ਹੈ ਤੂੰ ਮੈਂਨੂੰ ਨਸ਼ਟ ਕੀਤੇ ਬਿਨਾ ਮੌਤ ਦੇ ਦੇਵੀਂ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਇਹ ਦੁਆ ਸਿਖਾਈ ਸੀ ਕਿ ਹੇ, ਅਲੱਾਹ ! ਮੇਰੇ ਭੀਤਰ ਨੂੰ ਮੇਰੇ ਬਾਹਰ ਤੋਂ ਚੰਗਾ ਬਣਾ ਅਤੇ ਮੇਰੇ ਜ਼ਾਹਰ ਨੂੰ ਚੰਗਾ ਬਣਾ । ਹਜ਼ਰਤ ਇਬਨੇ ਉਮਰ ਤੋਂ ਰਿਵਾਇਤ ਹੈ ਕਿ ਕਹਿਤ ਦੇ ਦਿਨਾਂ ਵਿੱਚ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਇਕ ਨਵਾਂ ਕੰਮ ਕੀਤਾ ਜਿਸ ਨੂੰ ਉਹ ਨਹੀਂ ਕੀਤਾ ਕਰਦੇ ਸਨ । ਉਹ ਇਹ ਸੀ ਕਿ ਲੋਕਾਂ ਨੂੰ ਇਸ਼ਾ ਦੀ ਨਮਾਜ਼ ਪੜ੍ਹਾਕੇ ਆਪਣੇ ਘਰ ਚਲੇ ਜਾਂਦੇ ਅਤੇ ਅਖ਼ੀਰ ਰਾਤ ਤੱਕ ਨਿਰੰਤਰ ਨਮਾਜ਼ ਪੜ੍ਹਦੇ ਰਹਿਦੇ । ਫਿਰ ਆਪ ਬਾਹਰ ਨਿਕਲਦੇ ਅਤੇ ਮਦੀਨੇ ਦੁਆਲੇ ਚਕੱਰ ਲਾਉਂਦੇ ਰਹਿੰਦੇ ਇਕ ਰਾਤ ਸਿਹਰੀ (ਸਰਗੀ) ਸਮੇਂ ਮੈਂ ਉਹਨਾਂ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਕਿ ( اللھم لا تجعل ھلاك امت محمد علی یدی) ਅਲੱਾਹੁਮੱਾ ਲਾ ਤਜਅਲ ਹਲਾਕਾ ਉਮੱਤਿ ਮੁਹਮੱਦ ਅਲਾ ਯਦਯੱਾ । ਹੇ, ਮੇਰੇ ਅਲੱਾਹ ! ਮੇਰੇ ਹੱਥੀਂ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੀ ਉਮੱਤ ਨੂੰ ਹਲਾਕਤ ਵਿੱਚ ਨ ਪਾਉਂਣਾ ।

ਹਜ਼ਰਤ ਇਬਨੇ ਉਮਰ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਇਹ ਤਰੀਕਾ ਸੀ ਕਿ ਪੰਕਤੀਆਂ ਸਿੱਧੀਆ ਕਰਾਉਣ ਲਈ ਇਕ ਵਿਅਕਤੀ ਨਿਯੁਕਤ ਕੀਤਾ ਹੋਇਆ ਸੀ । ਜੱਦ ਨਮਾਜ਼ ਲਈ ਇਕਾਮਤ ਹੁੰਦੀ ਤਾਂ ਕਿਬਲੇ ਵੱਲ ਪਿੱਠ ਕਰਕੇ ਅਰਥਾਤ ਲੋਕਾਂ ਵੱਲ ਮੂੰਹ ਕਰਕੇ ਪੰਕਤੀਆਂ ਸਿੱਧੀਆਂ ਕਰ ਰਹੇ ਹੁੰਦੇ ਸਨ । ਤੁਸੀਂ ਆਪਣੀਆਂ ਪੰਕਤੀਆਂ ਸਿੱਧੇ ਰੱਖੋ । ਜੱਦ ਪੰਕਤੀਆਂ ਸਿੱਧੀਆਂ ਹੋ ਜਾਂਦੀਆਂ ਤਾਂ ਫਿਰ ਆਪ ਕਿਬਲੇ ਵੱਲ ਮੂੰਹ ਕਰਕੇ ਅਲੱਾਹੁ ਅਕਬਰ ਕਹਿੰਦੇ ਸਨ ।

ਆਪ ਰੱਬ ਦੇ ਮਾਰਗ ਵਿੱਚ ਬਹੁਤ ਅਧਿਕ ਖਰਚ ਕਰਨ ਵਾਲੇ ਸਨ । ਰੱਬ ਦੇ ਰੁਹਬ ਦਾ ਇਹ ਆਲਮ ਸੀ ਕਿ ਦੇਹਾਂਤ ਸਮੇਂ ਅਖੱਾਂ ਵਿੱਚੋਂ ਹੰਝੂ ਜਾਰੀ ਸਨ ਅਤੇ ਕਹਿੰਦੇ ਜਾਂਦੇ ਸਨ ਕਿ ਮੈਂ ਕਿਸੇ ਪੁਰਸਕਾਰ ਦਾ ਅਧਿਕਾਰੀ ਨਹੀਂ, ਮੈਂ ਕੇਵਲ ਇਹ ਜਾਣਦਾ ਹਾਂ ਕਿ ਦੰਡ ਤੋਂ ਬੱਚ ਜਾਵਾਂ ।

ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਹੁਣੇ ਥੋੜੀਆਂ ਹੋਰ ਗਲੱਾਂ ਹਨ ਜੋ ਭਵਿੱਖ ਵਿੱਚ ਇਨਸ਼ਾਅਲੱਾਹ ਵਰਨਣ ਹੋਣਗੀਆਂ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ ۔ عِبَادَ اللّٰهِ رحمكم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى
وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ۔

**Khulasa Khutba Jumma 19.11.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131